## ਉਹ ਨਾਮੀ ਅਤੇ ਮੁਫ਼ਤ ਸਰੋਤ ਕਿਹੜੇ ਹਨ ਜਿਨ੍ਹਾਂ ਕੋਲੋਂ ਮੈਂ ਘਰ-ਸਬੰਧੀ ਸਲਾਹ ਲਈ ਮਦਦ ਪ੍ਰਾਪਤ ਕਰ ਸਕਦਾ ਹਾਂ ?

ਅਜਿਹੀਆਂ ਬਹੁਤ ਸਾਰੀਆਂ ਨਾਮੀ ਏਜੰਸੀਆਂ ਹਨ ਜੋ ਘਰ-ਸਬੰਧੀ ਮੁਫ਼ਤ ਸਲਾਹ ਮੁਹੱਈਆ ਕਰਦੀਆਂ ਹਨ। ਜਦੋਂ ਸਲਾਹਕਾਰ ਏਜੰਸੀ ਲੱਭ ਰਹੇ ਹੋਵੋ, ਤਾਂ ਉਸ ਏਜੰਸੀ ਨੂੰ ਚੁਣਨਾ ਇੱਕ ਚੰਗਾ ਖਿਆਲ ਹੈ ਜੋ HUD – ਮਨਜ਼ੂਰਸ਼ੁਦਾ/ਪ੍ਰਮਾਣਤ ਹੋਵੇ। ਤੁਹਾਨੂੰ ਇਸ ਸਬੰਧੀ ਮਦਦ ਲਈ ਕਿਸੇ ਪ੍ਰਤੀਨਿੱਧ ਦੀ ਲੋੜ ਨਹੀਂ ਹੈ ਅਤੇ ਘਰ-ਸਬੰਧੀ ਸਲਾਹ ਲਈ ਕੋਈ ਵੀ ਭੁਗਤਾਨ ਨਹੀਂ ਕਰਨਾ ਚਾਹੀਦਾ। ਮੁਫ਼ਤ ਅਤੇ ਨਾਮੀ ਸਰੋਤਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:

ਦੀ ਯੂਐੱਸ ਡਿਪਾਰਟਮੈਂਟ ਆਫ ਹਾਊਸਿੰਗ ਐਂਡ ਅਰਬਨ ਡੈਵਲਪਮੈਂਟ (HUD) HUD ਮਨਜ਼ੂਰਸ਼ੁਦਾ ਘਰ-ਸਬੰਧੀ ਸਲਾਹ ਏਜੰਸੀ ਨਿਦੇਸ਼ਕ
www.hud.gov/offices/hsg/sfh /hcc/hcs.cfm

HUD ਦਾ ਮੇਕਿੰਗ ਹੋਮਸ ਅਫੋਰਡੇਬਲ (ਘਰਾਂ ਨੂੰ ਵਹਿਣ ਕਰਨ ਯੋਗ ਬਣਾਉਣਾ) ਪ੍ਰੋਗਰਾਮ
www.makinghomeaffordable.gov
ਜਾਂ 888-995-4673 ਤੇ ਕਾਲ ਕਰੋ

ਫੈਡਰਲ ਡਿਪੋਜ਼ਿਟ ਇੰਸ਼ਓਰੈਂਸ ਕਾਰਪੋਰੇਸ਼ਨ
www.fdic.gov/consumers/loans/prevention/toolkit.html

ਨੈਸ਼ਨਲ ਕੋਲਿਸ਼ਨ ਫਾਰ ਏਸ਼ੀਅਨ ਪੈਸਿਫਿਕ ਅਮੇਰਿਕਨ ਕਮਿਉਨਿਟੀ ਡੈਵਲਪਮੈਂਟ (ਨੈਸ਼ਨਲ CAPACD)
www.nationalcapacd.org ਜਾਂ 202-223-2442 ਤੇ ਕਾਲ ਕਰੋ

ਹੋਮਓਨਰਸ਼ਿੱਪ ਪ੍ਰੀਜ਼ਰਵੇਸ਼ਨ ਫਾਉਂਡੇਸ਼ਨ ਐਂਡ ਨੇਬਰਵਰਕਸ
www.995hope.org
www.nw.org/ForeclosureSolutions
ਜਾਂ 1-888-995-4673 ਤੇ ਕਾਲ ਕਰੋ

ਨੈਸ਼ਨਲ ਕਮਿਉਨਿਟੀ ਰਿਇਨਵੈਸਟਮੈਂਟ ਕੋਲਿਸ਼ਨ ਦਾ ਨੈਸ਼ਨਲ ਹੋਮ ਓਨਰਸ਼ਿੱਪ ਸਸਟੇਨੇਬਿਲਿਟੀ ਫੰਡ
www.fairlending.com ਜਾਂ 202-628-8866 ਤੇ ਕਾਲ ਕਰੋ

ਸੈਂਟਰ ਫਾਰ ਰਿਸਪੋਂਸਿਬਲ ਲੈਂਡਿੰਗ
www.responsiblelending.org/mortgage-lending
ਜਾਂ 919-313-8500 ਤੇ ਕਾਲ ਕਰੋ

ਫ੍ਰੈਡੀ ਮੈਕ www.freddiemac.com/avoidforeclosure

ਰੈਹਨਬੰਦੀ ਰੋਕਥਾਮ ਕਾਰਜਸ਼ਾਲਾਵਾਂ ਦੀ ਸੂਚੀ ਲਈ:
www.freddiemac.com/avoidforeclosure/workshops.html

## ਛਾਯਾ ਸੀਡੀਸੀ ਅਤੇ ਸਾਲਟ ਬਾਰੇ

ਛਾਯਾ ਸੀਡੀਸੀ (Chhaya CDC) ਕਵੀਨਸ, ਨਿਊਯਾਰਕ ਵਿਖੇ ਸਥਿਤ ਇੱਕ ਲਾਭ-ਨਿਰਪੇਖ ਸੰਸਥਾ ਹੈ, ਜਿਨ੍ਹਾਂ ਦਾ ਮਕਸਦ ਨਾਗਰਿਕਾਂ ਦੀ ਭਾਗੀਦਾਰੀ ਨੂੰ ਵਧਾ ਕੇ ਵਧੇਰੇ ਸਥਾਈ ਅਤੇ ਕਾਇਮ ਰਹਿਣ ਵਾਲੇ ਸਮੁਦਾਇਆਂ ਨੂੰ ਸਥਾਪਤ ਕਰਨਾ ਅਤੇ ਦੱਖਣ ਏਸ਼ੀਆਈ ਅਮਰੀਕਿਆਂ, ਨਵੇਂ ਅਪ੍ਰਵਾਸੀਆਂ ਅਤੇ ਉਨ੍ਹਾਂ ਦੇ ਪੜੌਸੀਆਂ ਦੀਆਂ ਅਲੱਗ ਅਲੱਗ ਆਵਾਸੀ ਅਤੇ ਸਮੁਦਾਇਕ ਵਿਕਾਸ ਦੀ ਲੋੜਾਂ ਨੂੰ ਪੂਰਾ ਕਰਨਾ ਹੈ।

ਵਧੇਰੇ ਜਾਣਕਾਰੀ ਲਈ, **www.chhayacdc.org** ਤੇ ਜਾਓ ਜਾਂ **(718) 478 – 3848** ਤੇ ਕਾਲ ਕਰੋ।

ਸਾਲਟ (SAALT) ਇੱਕ ਰਾਸ਼ਟਰੀ ਨਿਰਪੱਖ ਲਾਭ-ਨਿਰਪੇਖ ਸੰਸਥਾ ਹੈ ਜਿਸਦਾ ਮਕਸਦ ਇੱਕ ਵਧੇਰੇ ਨਿਆਂਕਾਰੀ ਅਤੇ ਵਿਸਤਰਤ ਸਮਾਜ ਦਾ ਨਿਰਮਾਣ ਕਰਨ ਲਈ ਦੱਖਣ ਏਸ਼ੀਆਈ ਲੋਕਾਂ ਅਤੇ ਸੰਸਥਾਵਾਂ ਦੀ ਆਵਾਜ਼ ਅਤੇ ਦ੍ਰਿਸ਼ਟੀਕੋਣ ਨੂੰ ਬੁਲੰਦ ਕਰਨਾ ਹੈ।

ਵਧੇਰੇ ਜਾਣਕਾਰੀ ਲਈ, **www.saalt.org** ਤੇ ਜਾਓ ਜਾਂ **(301) 270 – 1855** ਤੇ ਕਾਲ ਕਰੋ।

*ਇਹ ਬ੍ਰੋਸ਼ਰ ਫ੍ਰੈਡੀ ਮੈਕ (Freddie Mac) ਦੇ ਉਦਾਰ ਸਮ੍ਰਥਨ ਰਾਹੀਂ ਛਾਯਾ ਸੀਡੀਸੀ ਅਤੇ ਸਾਲਟ ਦੁਆਰਾ ਵਿਕਸਿਤ ਕੀਤਾ ਗਿਆ ਸੀ।*

chhaya CDC
Sustaining Homes
Strengthening Communities

saalt
SOUTH ASIAN AMERICANS LEADING TOGETHER

# ਤੁਹਾਡਾ ਘਰ, ਤੁਹਾਡਾ ਪਰਿਵਾਰ, ਤੁਹਾਡੀ ਸੁਰੱਖਿਆ: ਦੱਖਣ ਏਸ਼ੀਆਈ ਸਮੁਦਾਏ ਲਈ ਇੱਕ ਰਾਹਨੁਮਾਈ ਪੁਸਤਿਕਾ



## ਕੀ ਤੁਹਾਨੂੰ ਆਪਣੇ ਘਰ ਦੇ ਲੋਨ ਦਾ ਭੁਗਤਾਨ ਕਰਨ ਵਿੱਚ ਮੁਸ਼ਕਲ ਆ ਰਹੀ ਹੈ ? ਜੇ ਹਾਂ, ਤਾਂ ਤੁਸੀਂ ਇਕੱਲੇ ਨਹੀਂ ਹੋ।

ਆਰਥਿਕ ਮੰਦੀ ਦੇ ਕਾਰਨ, ਵੱਡੀ ਸੰਖਿਆ ਵਿੱਚ ਦੱਖਣ ਏਸ਼ੀਆਈ ਲੋਕ ਆਪਣੀ ਆਰਥਿਕ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਚੁਣੌਤੀਆਂ ਦਾ ਸਾਮ੍ਹਣਾ ਕਰ ਰਹੇ ਹਨ। ਬਹੁਤ ਸਾਰੇ ਲੋਕ ਰੈਹਨਬੰਦੀ ਅਤੇ ਆਪਣੇ ਘਰ ਨੂੰ ਖੋ ਦੇਣ ਦੇ ਜੋਖਮ ਦਾ ਸਾਮ੍ਹਣਾ ਕਰ ਰਹੇ ਹਨ। ਖੁਸ਼ਕਿਸਮਤੀ ਨਾਲ, ਅਜਿਹੇ ਵਿਕਲਪ ਅਤੇ ਸਰੋਤ ਉਪਲਬਧ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ। ਇਸ ਬ੍ਰੋਸ਼ਰ ਵਿੱਚ ਰੈਹਨਬੰਦੀ ਨਾਲ ਸਬੰਧਤ ਬੁਨਿਆਦੀ ਸੁਆਲਾਂ ਦੇ ਜੁਆਬ ਦਿੱਤੇ ਗਏ ਹਨ ਅਤੇ ਇਸ ਵਿੱਚ ਉਨ੍ਹਾਂ ਸੰਸਥਾਵਾਂ ਦੇ ਨਾਂਅ ਦਿੱਤੇ ਗਏ ਹਨ ਜਿਨ੍ਹਾਂ ਤੋਂ ਤੁਸੀਂ ਮਦਦ ਪ੍ਰਾਪਤ ਕਰ ਸਕਦੇ ਹੋ।

ਛਾਯਾ ਸੀਡੀਸੀ ਅਤੇ ਸਾਊਥ ਏਸ਼ੀਅਨ ਅਮੇਰਿਕਨਸ ਲੀਡਿੰਗ ਟੁਗੁਦਰ (SAALT) ਦੁਆਰਾ ਵਿਕਸਿਤ




## "ਕਰਜਾ" ਕੀ ਹੈ ?

ਘਰ ਖਰੀਦਣ ਲਈ, ਜ਼ਿਆਦਾਤਰ ਲੋਕ ਬੈਂਕ (ਜਾਂ ਕਿਸੇ ਹੋਰ ਰਿਣਦਾਤਾ) ਤੋਂ ਪੈਸਾ ਉਧਾਰ ਲੈਂਦੇ ਹਨ ਅਤੇ ਨਿਯਮਿਤ ਅਦਾਇਗੀਆਂ ਰਾਹੀਂ ਰਿਣ ਵਾਪਸ ਕਰਦੇ ਹਨ। ਅਜਿਹੀ "ਕਰਜਾ" ਵਿਵਸਥਾ ਵਿੱਚ, ਜੇ ਘਰ ਖਰੀਦਣ ਵਾਲਾ ਸਮਝੌਤੇ ਦੀਆਂ ਸ਼ਰਤਾਂ ਦੇ ਮੁਤਾਬਕ ਰਿਣ ਨਹੀਂ ਉਤਾਰ ਪਾਂਦਾ, ਤਾਂ ਰਿਣਦਾਤਾ ਘਰ ਤੇ ਕਬਜਾ ਕਰ ਸਕਦਾ ਹੈ।

## "ਰੈਹਨਬੰਦੀ" ਕੀ ਹੈ ?

ਜੇ ਤੁਸੀਂ ਆਪਣੇ ਕਰਜੇ ਸਮਝੌਤੇ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰ ਪਾਂਦੇ, ਜਿਵੇਂ ਸਮੇਂ ਸਿਰ ਰਕਮ ਅਦਾ ਕਰਨਾ, ਤਾਂ ਘਰ ਦੀ ਰੈਹਨਬੰਦੀ (ਗਹਿਣੇ ਰੱਖੀ ਜਾਇਦਾਦ ਨੂੰ ਛੁਡਾਉਣ ਉੱਤੇ ਰੋਕ) ਕੀਤੀ ਜਾ ਸਕਦੀ ਹੈ। ਰੈਹਨਬੰਦੀ ਇੱਕ ਕਨੂੰਨੀ ਪ੍ਰਕਿਰਿਆ ਹੈ ਜਿਸ ਵਿੱਚ ਰਿਣਦਾਤਾ ਤੁਹਾਡੇ ਘਰ ਦੀ ਮਲਕੀਅਤ (ਮੁੜ-ਕਬਜਾ) ਲੈ ਲੈਂਦਾ ਹੈ। ਰੈਹਨਬੰਦੀ ਦੇ ਦੌਰਾਨ, ਘਰ ਦਾ ਮਾਲਕ ਆਮ ਤੌਰ ਤੇ ਘਰ ਛੱਡ ਦਿੰਦਾ ਹੈ ਅਤੇ ਰਿਣਦਾਤਾ ਘਰ ਨੂੰ ਵੇਚਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ ਕਿ ਰੈਹਨਬੰਦੀ ਦੀ ਕਿਰਿਆ ਕਿਵੇਂ ਹੁੰਦੀ ਹੈ ਅਤੇ ਹਰ ਇੱਕ ਪਰਦੇਸ਼ ਦੇ ਮੁਤਾਬਕ ਕਿਵੇਂ ਵੱਖ ਵੱਖ ਕਨੂੰਨ ਲਾਗੂ ਹੁੰਦੇ ਹਨ।

## ਮੈਨੂੰ ਰੈਹਨਬੰਦੀ ਬਾਰੇ ਚਿੰਤਿਤ ਕਿਉਂ ਹੋਣਾ ਚਾਹੀਦਾ ਹੈ ?

ਤੁਹਾਨੂੰ ਜਬਰਦਸਤੀ ਘਰੋਂ ਬਾਹਰ ਕਰ ਦੇਣ ਤੋਂ ਇਲਾਵਾ, ਰੈਹਨਬੰਦੀ ਤੁਹਾਡੇ ਕ੍ਰੈਡਿਟ ਇਤਿਹਾਸ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਜਿਸ ਵਜੋਂ ਤੁਹਾਨੂੰ ਭਵਿੱਖ ਵਿੱਚ ਰਿਣ ਲੈਣ, ਕ੍ਰੈਡਿਟ ਕਾਰਡ ਬਣਵਾਉਣ ਅਤੇ ਕਿਰਾਏ ਦਾ ਘਰ ਲੈਣ, ਅਤੇ ਇੱਥੋਂ ਤਕ ਕਿ ਨੌਕਰੀ ਪ੍ਰਾਪਤ ਕਰਨ ਵਿੱਚ ਵੀ ਮੁਸ਼ਕਲਾਂ ਆ ਸਕਦੀਆਂ ਹਨ।

## ਆਪਣੇ ਕਰਜੇ ਦੀਆਂ ਅਦਾਇਗੀਆਂ ਕਰਨਾ ਮੇਰੇ ਲਈ ਮੁਸ਼ਕਲ ਹੈ। ਮੈਂ ਰੈਹਨਬੰਦੀ ਤੋਂ ਕਿਵੇਂ ਬੱਚ ਸਕਦਾ/ਦੀ ਹਾਂ ?

ਜੇ ਤੁਹਾਨੂੰ ਆਪਣੇ ਕਰਜੇ ਦੇ ਬਿਲਾਂ ਨੂੰ ਅਦਾ ਕਰਨ ਵਿੱਚ ਔਖ ਆਉਂਦੀ ਹੈ ਜਾਂ ਔਖ ਆਉਣ ਦੀ ਸੰਭਾਵਨਾ ਹੈ, ਤਾਂ ਅਜਿਹੇ ਕਈ ਕਦਮ ਹਨ ਜੋ ਤੁਸੀਂ ਚੁੱਕ ਸਕਦੇ ਹੋ:

**ਸਰਕਾਰੀ ਏਜੰਸੀਆਂ ਅਤੇ ਭਰੋਸੇਮੰਦ ਸਮੁਦਾਇਕ ਸੰਸਥਾਵਾਂ ਤੋਂ ਘਰ-ਸਬੰਧੀ ਸਲਾਹ ਲੈਣਾ:** ਕਈ ਸੰਸਥਾਵਾਂ ਤੁਹਾਡੇ ਖਰਚਿਆਂ ਅਤੇ ਆਮਦਨੀ ਦੇ ਮੁੜ-ਮੁਲਾਂਕਣ ਵਿੱਚ, ਤੁਹਾਡੇ ਮੁੜ-ਭੁਗਤਾਨ ਵਿਕਲਪ ਕਿਹੜੇ ਹਨ ਇਸਦੀ ਜਾਣਕਾਰੀ ਦੇਣ ਵਿੱਚ, ਅਤੇ ਤੁਹਾਡੇ ਅਧਿਕਾਰਾਂ ਬਾਰੇ ਤੁਹਾਨੂੰ ਦੱਸਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਯਕੀਨੀ ਬਣਾਓ ਕਿ ਤੁਸੀਂ ਨਾਮੀ ਸੰਸਥਾਵਾਂ ਨੂੰ ਸੰਪਰਕ ਕਰੋ (ਹੇਠਾਂ ਸੂਚੀਬੱਧ ਸਰੋਤਾਂ ਵਾਂਗ) ਅਤੇ ਰੈਹਨਬੰਦੀ ਸਹਾਇਤਾ ਨਾਲ ਸਬੰਧਤ ਧੋਖੇਧੜੀਆਂ ਤੋਂ ਬਚੋ।

**ਆਪਣੇ ਘਰ ਵਿੱਚ ਹੀ ਰਹੋ:** ਜਦੋਂ ਤਕ ਤੁਹਾਨੂੰ ਅਦਾਲਤ ਦੁਆਰਾ ਘਰ ਨੂੰ ਛੱਡਣ ਦਾ ਹੁਕਮ ਨਹੀਂ ਦਿੱਤਾ ਜਾਂਦਾ, ਤੁਹਾਨੂੰ ਆਪਣੇ ਘਰ ਵਿੱਚ ਹੀ ਰਹਿਣਾ ਚਾਹੀਦਾ ਹੈ। ਜੇ ਤੁਸੀਂ ਅਜਿਹਾ ਹੁਕਮ ਮਿਲਣ ਤੋਂ ਪਹਿਲਾਂ ਘਰ ਛੱਡ ਦਿੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ ਇਸ ਪ੍ਰਕਾਰ ਦੀ ਰੈਹਨਬੰਦੀ ਸਹਾਇਤਾ ਪ੍ਰਾਪਤ ਨਾ ਕਰ ਸਕੋ।

**ਆਪਣੇ ਰਿਣਦਾਤਾ ਨਾਲ ਗੱਲ ਕਰੋ:** ਰਿਣਦਾਤਾ ਅਕਸਰ ਤੁਹਾਡੇ ਨਾਲ ਮਿਲ ਕੇ ਤੁਹਾਡੀ ਭੁਗਤਾਨ ਯੋਜਨਾ ਅਤੇ ਰਿਣ ਅਵਧੀਆਂ ਦੀ ਸਮਾਈ ਕਰਨ ਦੇ ਇੱਛਤ ਹੁੰਦੇ ਹਨ ਤਾਂ ਜੋ ਤੁਹਾਡਾ ਘਰ ਤੁਹਾਡੇ ਕੋਲ ਰਹੇ। ਆਪਣੇ ਰਿਣਦਾਤਾ ਦੀਆਂ ਮੇਲਾਂ ਜਾਂ ਫ਼ੋਨ ਕਾਲਾਂ ਨੂੰ ਨਜ਼ਰਅੰਦਾਜ਼ ਨਾ ਕਰੋ ਕਿਉਂਕਿ ਅਜਿਹਾ ਕਰਨ ਨਾਲ ਹਲਾਤ ਹੋਰ ਬਦਤਰ ਹੋ ਸਕਦੇ ਹਨ।

## ਜੇ ਮੈਨੂੰ ਆਪਣੀ ਅਦਾਇਗੀਆਂ ਸਮੇਂ ਸਿਰ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਮੇਰੇ ਕੋਲ ਕਿਹੜੇ ਵਿਕਲਪ ਹਨ ?

ਹੇਠਾਂ ਕਈ ਵਿਕਲਪ ਹਨ ਜਿਨ੍ਹਾਂ ਤੇ ਵਿਚਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿੱਚੋਂ ਕਈ ਵਿਕਲਪਾਂ ਲਈ ਤੁਹਾਡੇ ਰਿਣਦਾਤਾ ਦੀ ਮਨਜ਼ੂਰੀ ਲੈਣੀ ਲਾਜ਼ਮੀ ਹੈ, ਇਸ ਲਈ ਇਹ ਪਤਾ ਲਗਾਉਣ ਲਈ ਕਿ ਕਿਹੜਾ ਵਿਕਲਪ ਤੁਹਾਡੇ ਲਈ ਸਭ ਤੋਂ ਵਧੀਆ ਰਹੇਗਾ, **ਸਭ ਤੋਂ ਪਹਿਲਾਂ ਆਪਣੇ ਘਰ-ਸਬੰਧੀ ਸਲਾਹਕਾਰ ਨਾਲ ਗੱਲ ਕਰਨਾ ਯਕੀਨੀ ਬਣਾਓ।**

- ਭਰੇ ਜਾਣ ਯੋਗ ਮਾਸਿਕ ਭੁਗਤਾਨ ਵਿੱਚ ਵੱਧ ਤੋਂ ਵੱਧ ਕਮੀ ਕਰਨਾ (ਮਿਸਾਲ ਦੇ ਤੌਰ ਤੇ, ਰਿਣ ਸੰਸ਼ੋਧਨ; ਸਹਿਣਸ਼ੀਲਤਾ; ਰਿਣ ਮਾਫ ਕਰ ਦੇਣਾ ਆਦਿ।)
- ਤੁਹਾਡਾ ਦੁਆਰਾ ਪਹਿਲਾਂ ਤੋਂ ਹੀ ਨਾ ਕੀਤੀਆਂ ਗਈਆਂ ਅਦਾਇਗੀਆਂ ਲਈ ਇੱਕ ਅਲੱਗ ਮੁੜ-ਅਦਾਇਗੀ ਯੋਜਨਾ ਬਣਾਉਣਾ।
- ਅਸਥਾਈ ਰੂਪ ਵਿੱਚ ਭੁਗਤਾਨ ਵਿੱਚ ਦੇਰੀ ਹੋਣਾ (ਸਹਿਣਸ਼ੀਲਤਾ) ਜਾਂ ਭੁਗਤਾਨ ਨਾ ਕਰਨਾ ਅਤੇ ਉਸ ਤੋਂ ਬਾਅਦ ਇਕੱਠੀ ਰਕਮ ਅਦਾ ਕਰ ਦੇਣਾ (ਬਹਾਲੀ)।
- ਆਪਣਾ ਘਰ ਵੇਚ ਦੇਣਾ ਅਤੇ ਤੁਹਾਡੇ ਰਿਣਦਾਤਾ ਦੁਆਰਾ ਉਸ ਵਿਕਰੀ ਰਾਸ਼ੀ ਨੂੰ ਤੁਹਾਡੇ ਰਿਣ ਦੀ ਬਕਾਇਆ ਰਾਸ਼ੀ ਦੇ ਪੂਰੇ ਭੁਗਤਾਨ ਵਿੱਚ ਸਵੀਕਾਰ ਕਰਨਾ (ਪੂਰਵ-ਰੈਹਨਬੰਦੀ/ਅਪੂਰਨ ਵਿਕਰੀ)।
- ਆਪਣੇ ਘਰ ਸਬੰਧੀ ਕਾਗਜ਼ਾਂ ਨੂੰ ਆਪਣੇ ਰਿਣਦਾਤਾ ਦੇ ਨਾਂ ਤੇ ਕਰ ਦੇਣਾ।



## ਜੇ ਮੇਰੇ ਘਰ ਦੀ ਪਹਿਲਾਂ ਤੋਂ ਹੀ ਰੈਹਨਬੰਦੀ ਕੀਤੀ ਜਾ ਚੁੱਕੀ ਹੈ ਤਾਂ ਕੀ ਹੋਵੇਗਾ ?

ਜੇ ਤੁਹਾਡੇ ਘਰ ਦੀ ਰੈਹਨਬੰਦੀ ਕੀਤੀ ਜਾ ਚੁੱਕੀ ਹੈ, ਤਾਂ ਤੁਹਾਡਾ ਰਿਣਦਾਤਾ ਤੁਹਾਡੇ ਘਰ ਤੇ ਕਬਜਾ ਕਰ ਸਕਦਾ ਹੈ, ਤੁਹਾਨੂੰ ਜਬਰਦਸਤੀ ਬਾਹਰ ਨਿਕਾਲ ਸਕਦਾ ਹੈ, ਅਤੇ ਇਸਨੂੰ ਵੇਚਣ ਦੀ ਕੋਸ਼ਿਸ਼ ਕਰ ਸਕਦਾ ਹੈ। ਜੇ ਰੈਹਨਬੰਦੀ ਹੋਇਆ ਘਰ ਤੁਹਾਡੀ ਦੇਣਦਾਰੀ (ਬਕਾਇਆ) ਰਕਮ ਤੋਂ ਘੱਟ ਵਿੱਚ ਵਿਕਦਾ ਹੈ, ਤਾਂ ਹੋ ਸਕਦਾ ਹੈ ਕਿ ਉਸਤੋਂ ਬਾਅਦ ਵੀ ਤੁਸੀਂ ਉਸਦੀ ਬਕਾਇਆ ਰਕਮ ਲਈ ਕਰਜਦਾਰ ਰਹੋ ਅਤੇ ਅਦਾਲਤੀ ਹੁਕਮ ਦਾ ਨਿਰਣਾ ਤੁਹਾਡੇ ਖਿਲਾਫ ਦਿੱਤਾ ਜਾਵੇ।

## ਮੈਂ "ਰੈਹਨਬੰਦੀ ਬਚਾਵ ਧੋਖਾਧੜੀਆਂ" ਬਾਰੇ ਸੁਣਿਆ ਹੈ। ਇਹ ਕੀ ਹਨ ਅਤੇ ਮੈਨੂੰ ਇਨ੍ਹਾਂ ਤੋਂ ਸਾਵਧਾਨ ਰਹਿਣ ਲਈ ਕੀ ਕਰਨਾ ਚਾਹੀਦਾ ਹੈ ?

ਹੋ ਸਕਦਾ ਹੈ ਕਿ ਕਈ ਕੰਪਨੀਆਂ ਕਹਿਣ ਕਿ ਉਹ ਰੈਹਨਬੰਦੀ ਤੋਂ ਤੁਹਾਡਾ ਬਚਾਵ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ, ਪਰ ਅਸਲ ਵਿੱਚ ਕੁਝ ਤਾਂ ਛਲਕਪਟ ਨਾਲ ਤੁਹਾਡਾ ਪੈਸਾ ਅਤੇ ਘਰ ਹੜਪਣ ਦੀ ਕੋਸ਼ਿਸ਼ ਵੀ ਕਰ ਸਕਦੀਆਂ ਹਨ। ਰੈਹਨਬੰਦੀ ਧੋਖਾਧੜੀਆਂ ਦੇ ਹੇਠ ਲਿਖੇ ਸੰਕੇਤਾਂ ਨੂੰ ਪੜ੍ਹੋ:

- ਘਰ-ਸਬੰਧੀ ਸਲਾਹ ਜਾਂ ਰਿਣ ਸੰਸ਼ੋਧਨ ਸਹਾਇਤਾ ਲਈ ਤੁਹਾਡੇ ਕੋਲੋਂ ਪੈਸੇ ਵਸੂਲ ਕਰਨਾ
- ਵਾਅਦਾ ਕਰਨਾ ਕਿ ਤੁਹਾਡੇ ਵੱਲੋਂ ਕੋਈ ਹੋਰ ਵਿਅਕਤੀ ਇਸ ਕਰਜੇ ਨੂੰ ਭਰੇਗਾ
- ਅਜਿਹਾ ਕਹਿਣਾ ਕਿ ਤੁਹਾਨੂੰ ਆਪਣੀ ਕਰਜੇ ਦੀ ਰਕਮ ਰਿਣਦਾਤਾ ਨੂੰ ਦੇਣ ਦੀ ਬਜਾਏ ਕਿਸੇ ਹੋਰ ਨੂੰ ਅਦਾ ਕਰਨੀ ਚਾਹੀਦੀ ਹੈ
- ਕੋਈ ਕਦਮ ਚੁੱਕਣ ਲਈ ਤੁਹਾਡੇ ਉੱਤੇ ਦਬਾਅ ਪਾਉਣਾ
- ਤੁਹਾਨੂੰ ਖਾਲੀ ਫਾਰਮਾਂ, ਝੂਠੇ ਬਿਆਨਾਂ, ਜਾਂ ਪੇਚੀਦਾ ਦਸਤਾਵੇਜ਼ਾਂ, ਜੋ ਤੁਹਾਨੂੰ ਸਮਝ ਨਹੀਂ ਆਉਂਦੇ, ਤੇ ਹਸਤਾਖਰ ਕਰਨ ਲਈ ਕਹਿਣਾ
- ਕਿਸੇ ਅਜਿਹੇ ਵਿਅਕਤੀ ਨੂੰ ਵਿਅਕਤੀਗਤ ਤੌਰ ਤੇ ਜਾਂ ਫ਼ੋਨ ਤੇ ਸੰਪਰਕ ਕਰਨਾ ਜੋ ਤੁਹਾਡੇ ਕਰਜੇ ਤੋਂ ਤੁਹਾਨੂੰ ਬਚਾਉਣ ਵਿੱਚ ਮਦਦ ਕਰਨ ਦਾ ਦਾਅਵਾ ਕਰੇ
- ਅਸਥਾਈ ਤੌਰ ਤੇ ਤੁਹਾਡੇ ਘਰ ਸਬੰਧੀ ਕਨੂੰਨੀ ਕਾਗਜ਼ਾਂ ਨੂੰ ਕਿਸੇ ਨਵੇਂ ਕਰਜਦਾਰ ਦੇ ਨਾਂਅ ਕਰ ਦੇਣਾ
- ਆਪਣੀ ਕਰ ਵਾਪਸੀ ਜਾਂ ਕੋਈ ਸਾਰਵਜਨਿਕ ਫਾਇਦਿਆਂ, ਜੋ ਤੁਸੀਂ ਪ੍ਰਾਪਤ ਕਰਦੇ ਹੋ, ਤੇ ਹਸਤਾਖਰ ਕਰਨ ਲਈ ਕਹਿਣਾ
- ਆਪਣੀ ਆਮਦਨੀ ਅਤੇ ਆਰਥਿਕ ਮੁਸ਼ਕਲਾਂ ਬਾਰੇ ਝੂਠ ਬੋਲਣ ਲਈ ਕਹਿਣਾ
- ਗਰੰਟੀਸ਼ੁਦਾ ਰਿਣ ਸੰਸ਼ੋਧਨ ਪ੍ਰਦਾਨ ਕਰਨਾ